SET 1

Practice paper(2020-21)

ਪੰਜਾਬੀ 004

ਦਸਵੀਂ(X)

Time allowed :3 hours. M.M :80

**ਆਮ ਨਿਰਦੇਸ਼**

**•ਹੇਠ ਲਿਖੇ ਨਿਰਦੇਸ਼ਾਂ ਨੂੰ ਬਹੁਤ ਸਾਵਧਾਨੀ ਨਾਲ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ-**

**•ਇਸ ਪ੍ਰਸ਼ਨ ਪੱਤਰ ਵਿੱਚ ਦੋ ਭਾਗ ਹਨ – ਭਾਗ ੳ ਅਤੇ ਅ**

**•ਭਾਗ ੳ ਵਿਚ (ਅਬਜੈਕਟਿਵ) ਬਹੁ-ਵਿਕਲਪੀ ਪ੍ਰਸ਼ਨ ਪੁੱਛੇ ਗਏ ਹਨ।**

**•ਭਾਗ ਅ ਵਿੱਚ ਵਰਨਣਾਤਮਕ ਪ੍ਰਸ਼ਨ ਪੁੱਛੇ ਗਏ ਹਨ।**

## ਭਾਗ -ੳ

### ਬਹੁਵਿਕਲਪੀ ਪ੍ਰਸ਼ਨ

1) ਹੇਠ ਦਿੱਤੇ ਕਿਸੇ ਇੱਕ ਅਣਡਿੱਠੇ ਪੈਰੇ ਨੂੰ ਪੜ੍ਹੋ ਅਤੇ ਉਹਨਾਂ ਹੇਠ ਦਿੱਤੇ ਪ੍ਰਸ਼ਨਾਂ ਦੇ ਬਹੁਵਿਕਲਪੀ ਉੱਤਰਾਂ ਵਿੱਚੋਂ ਸਹੀ ਉੱਤਰ ਲਿਖੋ-

ਜੇ ਗੁਆਂਢੀ ਚੰਗਾ ਹੋਵੇ ਤਾਂ ਸਭ ਦੁੱਖ ਕੱਟੇ ਜਾਂਦੇ ਹਨ। ਸੁੱਖਾਂ ਦੀ ਘੜੀ ਚਾਰ ਗੁਣਾ ਹੋਰ ਵੱਧ ਜਾਂਦੀ ਹੈ। ਰਿਸ਼ਤੇਦਾਰ ਤਾਂ ਚੱਲ ਕੇ ਆਉਣਗੇ ਪਰ ਗੁਆਂਢੀ ਅਵਾਜ਼ ਮਾਰਨ 'ਤੇ ਹਾਜ਼ਰ ਹੋ ਜਾਂਦੇ ਹਨ। ਚੰਗੇ ਗੁਆਂਢੀ ਤੇ ਸਾਥ ਨਾਲ ਦੀ ਕੋਈ ਰੀਸ ਨਹੀਂ। ਗੁਆਂਢੀ ਨੇ ਹਮੇਸ਼ਾ ਤੁਹਾਡੇ ਜਨ-ਜੀਵਨ ਦਾ ਸਹਿ ਪਾਤਰ ਬਣ ਕੇ ਨਿਭਣਾ ਹੁੰਦਾ ਹੈ। ਜਦੋਂ ਤੁਸੀਂ ਪੂਰੇ ਪਰਿਵਾਰ ਨਾਲ ਕਿਧਰੇ ਬਾਹਰ ਘੁੰਮਣ ਜਾ ਰਹੇ ਹੁੰਦੇ ਹੋ ਤਾਂ ਗੁਆਂਢੀ ਪੂਰੀ ਮੁਸਤੈਦੀ ਨਾਲ ਤੁਹਾਡੇ ਘਰ ਦੀ ਨਿਗਰਾਨੀ ਕਰ ਰਿਹਾ ਹੁੰਦਾ ਹੈ। ਆਪਣੇ ਨਿਤ ਦੇ ਕੰਮਾਂ-ਕਾਰਾਂ ਨੂੰ ਗੁਆਂਢੀ ਨਾਲ ਸਾਂਝਿਆਂ ਕਰਕੇ ਉਸ ਨਾਲ ਆਪਣੀ ਅਪਣੱਤ ਵਧਾਈ ਜਾ ਸਕਦੀ ਹੈ। ਕਈ ਵਾਰੀ ਗੁਆਂਢੀ ਨਾਲ ਮਨ-ਮੁਟਾਵ ਵੀ ਹੋ ਸਕਦਾ ਹੈ। ਅਸੀਂ ਕਈ ਵਾਰ ਖੁਦ ਨੂੰ ਗੁਆਂਢੀ ਨਾਲੋਂ ਵੱਡੇ ਹੋਣ ਦਾ ਅਹਿਸਾਸ ਕਰਵਾਉਣ ਲੱਗ ਜਾਂਦੇ ਹਾਂ, ਜੋ ਕਿ ਉਸ ਨੂੰ ਚੰਗਾ ਨਹੀਂ ਲਗਦਾ। ਇਸ ਤਰ੍ਹਾਂ ਬੱਚੇ ਵੀ ਖੇਡਦੇ-ਖੇਡਦੇ ਆਂਢ-ਗੁਆਂਢ ਵਿੱਚ ਝਗੜਿਆਂ ਦਾ ਕਾਰਨ ਬਣ ਜਾਂਦੇ ਹਨ। ਬੱਚਿਆਂ ਦੀ ਲੜਾਈ ਵਿਚ ਦਖ਼ਲ ਅੰਦਾਜੀ ਦੀ ਥਾਂ ਉਨ੍ਹਾਂ ਦੀ ਲੜਾਈ ਨੂੰ ਸਮਝਾ-ਬੁਝਾ ਕੇ ਖ਼ਤਮ ਕਰ ਦੇਣਾ ਚਾਹੀਦੀ ਹੈ। ਪਰ ਅੱਜ-ਕੱਲ ਘਰਾਂ ਵਿਚ ਈਰਖਾ ਵੱਧ ਰਹੀ ਹੈ। ਘਰਾਂ ਵਿਚ ਵੱਧ ਰਹੀ ਦੂਰੀ ਸਾਡੇ ਮਨਾਂ ਵਿਚ ਅਸ਼ਾਂਤੀ ਵਧਾ ਰਹੀ ਹੈ।

i )ਗੁਆਂਢੀ ਚੰਗੇ ਹੋਣ ਤਾਂ ਕੀ ਕੱਟੇ ਜਾਂਦੇ ਹਨ? 1

ੳ) ਦੁੱਖ ਅ) ਸੁੱਖ

ੲ) ਕੰਨ ਸ) ਹੱਥ

ii)ਚੰਗੇ ਗੁਆਂਢੀ ਨੇ ਤੁਹਾਡੇ ਨਾਲ ਕਿਵੇਂ ਨਿਭਣਾ ਹੁੰਦਾ ਹੈ? 1

ੳ) ਸਹਿ-ਪਾਤਰ ਬਣ ਕੇ	ਅ) ਦੂਰੀ ਵਧਾ ਕੇ

ੲ) ਭਰਾ ਵਾਂਗ	ਸ) ਈਰਖਾ ਕਰਕੇ

iii)ਆਪਣੇ ਗੁਆਂਢੀ ਨਾਲ ਅਪਣੱਤ ਕਿਵੇਂ ਵਧਾਈ ਜਾ ਸਕਦੀ ਹੈ? 1

ੳ) ਲੜਾਈ ਕਰਕੇ	ਅ) ਦੂਰੀ ਵਧਾ ਕੇ

ੲ) ਕੰਮਾਂ-ਕਾਰਾਂ ਨੂੰ ਸਾਂਝਾ ਕਰਕੇ	ਸ) ਉਸਦੀ ਨਿੰਦਾ ਕਰਕੇ

iv)ਗੁਆਂਢੀ ਕਿਹੋ ਜਿਹੇ ਮੌਕੇ ਤੇ ਤੁਹਾਡੀ ਮਦਦ ਕਰ ਸਕਦਾ ਹੈ? 1

ੳ) ਜਦੋਂ ਤੁਸੀਂ ਬਾਹਰ ਘੁੰਮਣ ਗਏ ਹੁੰਦੇ ਹੋਵੋ	ਅ) ਜਦੋਂ ਘਰ ਹੁੰਦੇ ਹੋਵੋ

ੲ) ਦੂਜੇ ਗੁਆਂਢੀ ਨਾਲ ਝਗੜਾ ਹੋਣ ਤੇ	ਸ) ਬੱਚਿਆਂ ਦੀ ਲੜਾਈ ਸਮੇਂ

v)ਸਾਡੇ ਮਨਾਂ ਵਿਚ ਅਸ਼ਾਂਤੀ ਕਿਉਂ ਵੱਧ ਰਹੀ ਹੈ? 1

ੳ) ਘਰਾਂ ਵਿਚ ਵੱਧ ਰਹੀ ਦੂਰੀ ਕਰਕੇ	ਅ) ਘਰਾਂ ਵਿਚ ਘੱਟ ਰਹੀ ਦੂਰੀ ਕਰਕੇ

ੲ) ਚੰਗੇ ਗੁਆਂਢੀ ਹੋਣ ਕਰਕੇ	ਸ) ਨਫ਼ਰਤ ਘਟ ਰਹੀ ਹੈ।

ਜਾਂ

ਅੱਜ ਦਾ ਮਨੁੱਖ ਪੈਸੇ ਦੇ ਪਿੱਛੇ ਅੰਨ੍ਹੇਵਾਹ ਦੌੜੀ ਜਾ ਰਿਹਾ ਹੈ। ਪੰਜ ਰੁਪਏ ਮਿਲਣ ਤੇ ਦਸ, ਦਸ ਮਿਲਣ ਤੇ ਸੌ ਅਤੇ ਸੌ ਮਿਲਣ ਤੇ ਹਜ਼ਾਰ ਦੀ ਇੱਛਾ ਲਈ ਉਹ ਇਸ ਅੰਨ੍ਹੀ ਦੌੜ ਵਿਚ ਸ਼ਾਮਲ ਹੈ। ਇਸ ਦੌੜ ਦਾ ਕੋਈ ਅੰਤ ਨਹੀਂ। ਪੈਸੇ ਦੀ ਇਸ ਦੌੜ ਵਿਚ ਸਾਰੇ ਮਾਨਵੀ ਅਤੇ ਪਰਿਵਾਰਕ ਸੰਬੰਧ ਪਿੱਛੇ ਰਹਿ ਗਏ ਹਨ। ਮਨੁੱਖ ਝੂਠ-ਸੱਚ,ਠੀਕ-ਗਲਤ,ਨਿਆਂ-ਅਨਿਆਂ ਅਤੇ ਆਪਣੇ-ਪਰਾਏ ਦੇ ਭੇਤ-ਭਾਵ ਨੂੰ ਭੁੱਲ ਗਿਆ ਹੈ। ਉਸ ਦੇ ਕੋਲ ਆਪਣੇ ਬੱਚਿਆਂ ਲਈ,ਆਪਣੇ ਮਾਂ-ਪਿਓ ਲਈ, ਆਪਣੀ ਪਤਨੀ ਲਈ ਵੀ ਸਮਾਂ ਨਹੀਂ ਹੈ। ਪੈਸੇ ਦੇ ਲਈ ਪੁੱਤਰ ਦਾ ਪਿਓ ਦੇ ਨਾਲ ,ਧੀ ਦਾ ਮਾਂ ਨਾਲ ਅਤੇ ਪਤੀ ਦਾ ਪਤਨੀ ਦੇ ਨਾਲ ਝਗੜਾ ਹੋ ਰਿਹਾ ਹੈ। ਭਰਾ-ਭਰਾ ਦੇ ਖ਼ੂਨ ਦਾ ਪਿਆਸਾ ਹੈ। ਪੈਸੇ ਦਾ ਲੋਭ ਮਨੁੱਖ ਨੂੰ ਕਈ ਤਰ੍ਹਾਂ ਦੇ ਘਿਨੌਣੇ ਅਪਰਾਧ ਜਾਂ ਜ਼ੁਰਮ ਕਰਨ ਲਈ ਉਕਸਾ ਰਿਹਾ ਹੈ। ਇਸ ਲੋਭ ਦਾ ਹੀ ਨਤੀਜਾ ਹੈ ਕਿ ਥਾਂ-ਥਾਂ ਤੇ ਕਤਲ,ਲੁੱਟ-ਖਸੁੱਟ,ਅਪਰਾਧ ਅਤੇ ਚੋਰੀ-ਡਕੈਤੀ ਦੀਆਂ ਘਟਨਾਵਾਂ ਵੱਧ ਰਹੀਆਂ ਹਨ। ਇਸ ਰੋਗੀ ਮਾਨਸਿਕਤਾ ਨੂੰ ਬਦਲਣ ਦੇ ਲਈ ਸਾਨੂੰ ਹਰ ਪੱਧਰ ਦੇ ਜਤਨ ਕਰਨੇ ਹੋਣਗੇ।

i )ਅੱਜ ਦਾ ਮਨੁੱਖ ਕਿਸ ਪਿੱਛੇ ਅੰਨ੍ਹੇਵਾਹ ਦੌੜ ਰਿਹਾ ਹੈ? 1

ੳ)ਸੱਚ	ਅ)ਝੂਠ

ੲ)ਪੈਸਾ	ਸ)ਘਰ

ii) ਅੱਜ ਮਨੁੱਖ ਕੋਲ ਕਿਸ ਲਈ ਸਮਾਂ ਨਹੀਂ ਹੈ? 1

ੳ)ਨੌਕਰੀ	ਅ)ਰੋਟੀ

ੲ)ਪੈਸਾ	ਸ)ਪਤਨੀ,ਮਾਂ-ਪਿਓ,ਬੱਚਿਆਂ

iii)ਪੈਸੇ ਦਾ ਲੋਭ ਮਨੁੱਖ ਨੂੰ ਕੀ ਕਰਨ ਲਈ ਉਕਸਾ ਰਿਹਾ ਹੈ? 1

ੳ)ਅਪਰਾਧ ਅ)ਸੈਰ

ੲ)ਖਾਣ-ਪੀਣ ਸ)ਲਾਲਚ

iv) ਅੱਜ ਸਮਾਜ ਵਿੱਚ ਵੱਧ ਰਹੇ ਅਪਰਾਧ,ਚੋਰੀ-ਡਕੈਤੀ,ਲੁੱਟ-ਖਸੁੱਟ ਦਾ ਕੀ ਕਾਰਨ ਹੈ? 1

ੳ)ਵੱਧਦੀ ਅਬਾਦੀ ਅ)ਅੱਗੇ ਵਧਣ ਦੀ ਹੋੜ

ੲ)ਪੈਸੇ ਦਾ ਲੋਭ ਸ)ਪਰਵਾਰ

v) ਉਪਰੋਕਤ ਪੈਰੇ ਦਾ ਢੁੱਕਵਾਂ ਸਿਰਲੇਖ ਚੁਣੋ। 1

ੳ)ਪੈਸੇ ਦੀ ਅੰਨ੍ਹੀ ਦੌੜ ਅ)ਸਮਾਜਕ ਰਿਸ਼ਤੇ

ੲ)ਰੋਗੀ ਮਾਨਸਿਕਤਾ ਸ)ਲੁੱਟ-ਖਸੁੱਟ

2)ਹੇਠਾਂ ਦਿੱਤੀਆਂ ਕਾਵਿ ਟੁਕੜੀਆਂ ਨੂੰ ਪੜ੍ਹ ਕੇ ਕੋਈ ਇੱਕ ਕਾਵਿ ਟੁਕੜੀ ਦੇ ਪੁੱਛੇ ਪ੍ਰਸ਼ਨਾਂ ਦੇ ਉੱਤਰ ਦਿਓ-

'ਕਤਲ ਨਾ ਕੋਈ ਕੁੱਖ ਹੋਵੇ,

ਦਾਜ ਦੀ ਨਾ ਭੁੱਖ ਹੋਵੇ।

ਕੁੜੀਆਂ ਦੀ ਜਿੰਦਗੀ 'ਚ

ਹਰ-ਇਕ ਸੁਖ ਹੋਵੇ।

ਸੱਗੀ-ਫੁਲ, ਵੰਗਾ ਅਤੇ

ਕੰਨੀ ਸਜੀ ਵਾਲੀ ਹੋਵੇ।

ਅਰਦਾਸ ਮੇਰੇ ਮਾਲਕਾ,

ਇਹੋ ਜਿਹੀ ਦੀਵਾਲੀ ਹੋਵੇ।

i)ਕਵੀ ਕੀ ਕਤਲ ਨਾ ਹੋਣ ਦੀ ਗੱਲ ਕਰ ਰਿਹਾ ਹੈ? 1

ੳ) ਦਾਜ ਅ) ਫੁੱਲ

ੲ) ਕੁੱਖ ਸ) ਕੰਨ

ii)ਕਵੀ ਕਿਸ ਦੀ ਜ਼ਿੰਦਗੀ ਵਿਚ ਸੁੱਖ ਮੰਗ ਰਿਹਾ ਹੈ ? 1

ੳ)ਮੁੰਡਿਆਂ ਅ)ਕੁੜੀਆਂ

ੲ)ਦੋਸਤਾਂ ਸ)ਗੁਆਂਢੀ

iii)ਕਾਵਿ ਸਤਰਾਂ ਵਿਚ ਕਿਹੜੇ ਗਹਿਣੇ ਦਾ ਜਿਕਰ ਹੋਇਆ ਹੈ? 1

ੳ)ਸੱਗੀ-ਫੁਲ ਅ)ਮੁੰਦਰੀ

ੲ)ਅੰਗੂਠੀ ਸ)ਝਾਂਜਰ

iv)ਕਵੀ ਪਰਮਾਤਮਾ ਅੱਗੇ ਕਿਹੜੇ ਤਿਉਹਾਰ ਬਾਰੇ ਅਰਦਾਸ ਕਰ ਰਿਹਾ ਹੈ? 1

ੳ)ਹੋਲੀ ਅ)ਦੁਸ਼ਹਿਰਾ

ੲ)ਦੀਵਾਲੀ ਸ) ਲੋਹੜੀ

v)ਕਵੀ ਅਨੁਸਾਰ ਕਿਸ ਦੀ ਭੁੱਖ ਨਹੀਂ ਹੋਣੀ ਚਾਹੀਦੀ ? 1

ੳ)ਦਾਜ ਅ)ਰੋਟੀ

ੲ)ਪੈਸਾ ਸ)ਪਿਆਰ

ਜਾਂ

ਵਿੱਦਿਆ ਇੱਕ ਜਾਦੂ ਦੀ ਛੜੀ ਹੈ ,
ਇਹ ਤਾਂ ਹੀਰੇ-ਮੋਤੀਆਂ ਦੀ ਇਕ ਲੜ੍ਹੀ ਹੈ।
ਵਿੱਦਿਆ 'ਚ ਤਾਕਤ ਵੀ ਬਹੁਤ ਬੜੀ ਹੈ,
ਹਰ ਸ਼ੈਅ ਹੀ ਇਹਦੇ ਦੁਆਰ ਖੜ੍ਹੀ ਹੈ।
ਵਿੱਦਿਆ ਦੇ ਦੀਪ ਹਰ ਥਾਂ ਜਗਾਈ ਜਾਓ,
ਨ੍ਹੇਰ ਅਨਪੜ੍ਹਤਾ ਦਾ ਰਲ ਕੇ ਮਿਟਾਈ ਜਾਓ।
ਬੇਈਮਾਨ,ਧੋਖੇ ਅਤੇ ਫਰੇਬ ਨੂੰ ਹਟਾਈ ਜਾਓ,
ਹਰ ਬੰਦਾ ਰੂਪ ਹੁਣ ਰੱਬ ਦਾ ਬਣਾਈ ਜਾਓ।

i)ਜਾਦੂ ਦੀ ਛੜੀ ਕਿਸ ਨੂੰ ਕਿਹਾ ਗਿਆ ਹੈ ? 1

ੳ)ਘਰ ਅ)ਰੁੱਖ

ੲ)ਵਿੱਦਿਆ ਸ)ਬੇਟਾ

ii)ਵਿੱਦਿਆ ਵਿੱਚ __________ ਬਹੁਤ ਬੜੀ ਹੈ? ਖਾਲੀ ਥਾਂ ਭਰੋ 1

ੳ)ਤਾਕਤ ਅ)ਅਰਾਮ

ੲ)ਪੈਸਾ ਸ)ਦੋਸ਼

iii)ਕਵੀ ਕਿਸ ਦੇ ਦੀਪ ਹਰ ਥਾਂ ਜਗਾਉਣ ਦੀ ਗੱਲ ਕਰਦਾ ਹੈ ? 1

ੳ)ਖੁਸ਼ੀ ਅ)ਪੈਸੇ

ੲ)ਬੇਈਮਾਨੀ ਸ)ਵਿੱਦਿਆ

iv)ਕਿਸ ਦਾ ਨ੍ਹੇਰ ਰਲ ਕੇ ਮਿਟਾਉਣ ਦੀ ਗੱਲ ਕਿੱਤੀ ਗਈ ਹੈ? 1

ੳ)ਦੁੱਖ ਅ)ਦੁਸ਼ਮਣੀ

ੲ)ਅਨਪੜ੍ਹਤਾ ਸ)ਬੁਰਾਈ

v)ਕਵੀ ਹਰ ਬੰਦੇ ਨੂੰ ਕਿਸ ਦਾ ਰੂਪ ਬਣਾਉਣਾ ਲੋਚਦਾ ਹੈ ? 1

ੳ) ਇਨਸਾਨ ਦਾ ਅ)ਪਸ਼ੂ ਦਾ

ੲ) ਰੱਬ ਦਾ ਸ) ਮਾਂ ਦਾ

ਵਿਆਕਰਣ ( 16 ਅੰਕ )

3)ਸਮਾਸੀ ਸ਼ਬਦਾਂ ਨਾਲ ਸੰਬੰਧਤ ਬਹੁਵਿਕਲਪੀ ਪ੍ਰਸ਼ਨ -(ਕੋਈ ਚਾਰ ਕਰੋ)-

i)ਹੇਠ ਲਿਖਿਆਂ ਵਿੱਚੋਂ ਸਹੀ ਸਮਾਸੀ ਸ਼ਬਦ ਕਿਹੜਾ ਹੈ? 1

ੳ)ਜੱਗ ਅ)ਦਿਨ-ਰਾਤ

ੲ)ਅਮਨ ਸ)ਆਤਮ-ਆਤਮਾ

ii)ਵੈਰ ਅਤੇ ਵਿਰੋਧ ਲਈ ਸਹੀ ਸਮਾਸੀ ਸ਼ਬਦ ਦੀ ਚੋਣ ਕਰੋ- 1

ੳ)ਵੈਰ-ਵਿਰੋਧ ਅ)ਵਿਰੋਧ-ਵੈਰ

ੲ)ਵਿਰੋਧ-ਵਿਰੋਧ। ਸ)ਵੈਰ-ਵੈਰ

iii)ਹੇਠ ਲਿਖਿਆਂ ਵਿੱਚੋਂ ਵਿਰੋਧੀ ਅਰਥਾਂ ਵਾਲਾ ਸਮਾਸੀ ਸ਼ਬਦ ਚੁਣੋ- 1

ੳ) ਅਨੰਦ-ਮੰਗਲ ਅ)ਵੇਦ-ਪੁਰਾਣ

ੲ)ਰੰਗ-ਬਿਰੰਗਾ ਸ)ਦੁੱਖ-ਸੁੱਖ

iv)'ਦਾਲ-ਚਾਵਲ' ਸਮਾਸੀ ਸ਼ਬਦ ਕਿਸ ਸ਼ਬਦ ਸਮੂਹ ਲਈ ਵਰਤਿਆ ਜਾਂਦਾ ਹੈ? 1

ੳ)ਚਾਵਲ ਦੀ ਦਾਲ ਅ)ਦਾਲ ਅਤੇ ਚਾਵਲ

ੲ)ਦਾਲ ਸ)ਦਾਲ ਹੀ ਦਾਲ

v)'ਹਰ ਇੱਕ ਦੇ ਮਨ ਨੂੰ ਪਿਆਰਾ ਲੱਗਣ ਵਾਲਾ'ਲਈ ਕਿਹੜੇ ਸਮਾਸੀ ਸ਼ਬਦ ਦੀ ਵਰਤੋਂ ਕੀਤੀ ਜਾਵੇਗੀ? 1

ੳ)ਪਿਆਰਾ-ਹਰਮਨ ਅ)ਹਰਮਨ-ਪਿਆਰਾ

ੲ)ਮਨ-ਪਿਆਰਾ ਸ)ਹਰ-ਮਨ

4)ਬਹੁਅਰਥਕ ਸ਼ਬਦ ਨਾਲ ਸੰਬੰਧਤ ਬਹੁਵਿਕਲਪੀ ਪ੍ਰਸ਼ਨ(ਕੋਈ ਚਾਰ)-

i)ਬਹੁਅਰਥਕ ਸ਼ਬਦ ਕਿਸ ਨੂੰ ਕਹਿੰਦੇ ਹਨ? 1

ੳ)ਸਮਾਨ ਅਰਥਾਂ ਵਾਲੇ ਸ਼ਬਦਾਂ ਨੂੰ

ਅ)ਵਿਰੋਧੀ ਅਰਥਾਂ ਵਾਲੇ ਸ਼ਬਦਾਂ ਨੂੰ

ੲ)ਉਹ ਸ਼ਬਦ ਜੋ ਇੱਕ ਤੋਂ ਜਿਆਦਾ ਅਰਥ ਰੱਖਦੇ ਹੋਣ

ਸ)ਔਖੇ ਸ਼ਬਦਾਂ ਨੂੰ

ii)'ਉੱਚਾ ' ਸ਼ਬਦ ਦਾ ਅਰਥ ਦੇਣ ਵਾਲਾ ਢੁੱਕਵਾਂ ਵਿਕਲਪ ਚੁਣੋ- 1

ੳ)ਲੰਬਾ,ਵੱਡਾ ਅ)ਗਰੀਬ,ਅਮੀਰ

ੲ)ਚੰਗਾ,ਬੁਰਾ ਸ)ਮਾੜਾ,ਨੀਵਾਂ

iii)'ਸਮਾਂ,ਮੌਤ ' ਸ਼ਬਦਾਂ ਲਈ ਢੁੱਕਵਾਂ ਬਹੁ-ਅਰਥਕ ਸ਼ਬਦ ਚੁਣੋ- 1

ੳ)ਕਾਲ ਅ)ਰੋਟੀ

ੲ)ਟਾਹਲੀ ਸ)ਤੰਗੀ

iv)'ਫੂਕ ' ਸ਼ਬਦ ਦਾ ਅਰਥ ਦੇਣ ਵਾਲਾ ਢੁੱਕਵਾਂ ਵਿਕਲਪ ਚੁਣੋ- 1

ੳ)ਪਸ਼ੂ,ਫੂਕਣਾ ਅ)ਮੂੰਹ ਦੀ ਹਵਾ,ਸਾੜਨਾ,ਹਵਾ

ੲ) ਬੋਲਾ,ਥੋੜ੍ਹਾ ਸ)ਅਮਨ,ਸ਼ਾਂਤੀ

v)'ਮੂਰਖ' ਸ਼ਬਦ ਦੇ ਹੋਰ ਕੀ-ਕੀ ਅਰਥ ਹੋ ਸਕਦੇ ਹਨ?ਸਹੀ ਵਿਕਲਪ ਦੀ ਚੋਣ ਕਰੋ- 1

ੳ)ਪਾਗਲ,ਬੁੱਧੀਹੀਣ,ਕਮਲਾ ਅ)ਸਿਰਫਿਰਾ, ਕੋਝਾ,ਬੇਵਕੂਫ਼

ੲ)ਚਤੁਰ, ਚੁਗਲਖੋਰ ਸ)ਲੜਾਕਾ,ਗਾਲੜ੍ਹੀ

5)ਅਗੇਤਰ-ਪਿਛੇਤਰ ਨਾਲ ਸੰਬੰਧਤ ਬਹੁਵਿਕਲਪੀ ਪ੍ਰਸ਼ਨ(ਕੋਈ ਚਾਰ)-

i)'ਸਹਿਮਤ' ਸ਼ਬਦ ਵਿੱਚ ਅਗੇਤਰ ਦੱਸੋ- 1

ੳ)ਮਤ ਅ)ਸ

ੲ)ਸਹਿ ਸ)ਸਹਿਮਤ

ii)'ਕੁ' ਅਗੇਤਰ ਵਾਲਾ ਕਿਹੜਾ ਸ਼ਬਦ ਠੀਕ ਹੈ- 1

ੳ)ਕੁਸੰਗ ਅ)ਕੰਮ

ੲ)ਕਲਮ ਸ)ਇਨ੍ਹਾਂ ਵਿਚੋਂ ਕੋਈ ਨਹੀਂ

iii)'ਸਾਲ' ਪਿਛੇਤਰ ਵਾਲਾ ਕਿਹੜਾ ਸ਼ਬਦ ਠੀਕ ਹੈ- 1

ੳ)ਲੁਹਾਰ ਅ)ਕਮਾਊ

ੲ)ਧਰਮਸਾਲ ਸ)ਘੁਮਿਆਰੀ

iv)'ਹਾਰ' ਪਿਛੇਤਰ ਵਾਲਾ ਕਿਹੜਾ ਸ਼ਬਦ ਠੀਕ ਹੈ- 1

ੳ)ਸਿਰਜਣਹਾਰ ਅ)ਹਾਰਨ

ੲ)ਪਾਠਸ਼ਾਲਾ ਸ)ਅਨਾੜੀ

v)'ਸ਼ਾਲਾ' ਪਿਛੇਤਰ ਵਾਲਾ ਕਿਹੜਾ ਸ਼ਬਦ ਠੀਕ ਹੈ- 1

ੳ)ਧਰਮਸ਼ਾਲਾ ਅ)ਮਲੀਨ

ੲ)ਸ਼ਾਲ ਸ)ਹੋਣਹਾਰ

6)ਮੁਹਾਵਰੇ ਨਾਲ ਸੰਬੰਧਤ ਬਹੁਵਿਕਲਪੀ ਪ੍ਰਸ਼ਨ(ਕੋਈ ਚਾਰ)

i)'ਕੰਨ ਖਾਣੇ' ਮੁਹਾਵਰੇ ਦਾ ਸਹੀ ਭਾਵ ਅਰਥ ਚੁਣੋ- 1

ੳ)ਇਸ਼ਾਰਾ ਕਰਨਾ ਅ)ਬੜਾ ਰੌਲਾ ਪਾਉਣਾ

ੲ)ਦੋਸ਼ ਲਾਉਣਾ ਸ)ਲੜਨਾ

ii)'ਖਾਰ ਖਾਣਾ' ਮੁਹਾਵਰੇ ਦਾ ਸਹੀ ਭਾਵ ਅਰਥ ਚੁਣੋ- 1

ੳ)ਵੈਰ ਕਰਨਾ ਅ)ਅੱਖਾਂ ਦੀ ਬਿਮਾਰੀ

ੲ)ਅੱਖ ਨੀਵੀਂ ਕਰਨਾ ਸ)ਕੁਝ ਖਾਣਾ

iii)'———ਪੈ ਜਾਣਾ'ਮੁਹਾਵਰਾ ਪੂਰਾ ਕਰੋ- 1

ੳ)ਗਲ ਅ)ਘਰ

ੲ)ਕੰਨ ਸ)ਥੱਪੜ

iv)'–-------ਦੀ ਜੁੱਤੀ ਮਾਰਨੀ' ਮੁਹਾਵਰਾ ਪੂਰਾ ਕਰੋ- 1

ੳ)ਚਾਂਦੀ ਅ)ਕਾਗਜ਼

ੲ)ਸੋਨੇ ਸ)ਕਾਲੀ

v)ਘੋੜੇ ਵੇਚ ਕੇ --------ਮੁਹਾਵਰਾ ਪੂਰਾ ਕਰੋ- 1

ੳ)ਕਮਾਉਣਾ ਅ)ਸੌਣਾ

ੲ)ਭੱਜ ਜਾਣਾ ਸ)ਡਰ ਜਾਣਾ

ਪਾਠ ਪੁਸਤਕਾਂ ਤੇ ਅਧਾਰਿਤ

7. ਕਹਾਣੀ ਅਤੇ ਵਾਰਤਕ 'ਤੇ ਅਧਾਰਤ ਹੇਠ ਲਿਖੇ ਬਹੁਵਿਕਲਪੀ ਪ੍ਰਸ਼ਨਾਂ ਦੇ ਉੱਤਰ ਲਈ ਸਹੀ ਵਿਕਲਪ ਚੁਣ ਕੇ ਆਪਣੀ ਉੱਤਰ ਪੁਸਤਿਕਾ ਵਿੱਚ ਲਿਖੋ-

i)ਰਜਨੀ ਨੂੰ ਸਕੂਲ ਦੇ ਕਿਸ ਸਮਾਗਮ ਵਿੱਚ ਬਹਾਦਰੀ ਲਈ ਸਨਮਾਨ ਮਿਲਿਆ? 1

ੳ) ਸੁਤੰਤਰਤਾ ਦਿਵਸ ਸਮਾਰੋਹ ਅ) ਬਾਲ ਦਿਵਸ

ੲ) ਅਧਿਆਪਕ ਦਿਵਸ ਸ) ਸਲਾਨਾ ਸਮਾਰੋਹ

ii)ਵੰਦਨਾ ਨੂੰ ਕਿਸ ਨਾਲ ਬਹੁਤ ਪਿਆਰ ਸੀ?

ੳ)ਗੀਤਾ ਨਾਲ ਅ) ਫੁੱਲ-ਬੂਟਿਆਂ ਨਾਲ

ੲ)ਬੱਚਿਆਂ ਨਾਲ ਸ) ਸਹੇਲੀਆਂ ਨਾਲ

iii)ਮੀਨਾਕਸ਼ੀ ਦੇ ਮੰਮੀ-ਪਾਪਾ ਉਸ ਨੂੰ ਕਿਸ ਗੱਲ ਤੋਂ ਰੋਕਦੇ ਸਨ? 1

ੳ)ਖੇਡਣ ਤੋਂ ਅ) ਫਿਲਮਾਂ ਵੇਖਣ ਤੋਂ

ੲ)ਘੁੰਮਣ ਤੋਂ ਸ)ਈਅਰ ਫੋਨ ਦੀ ਵਰਤੋਂ ਤੋਂ

iv)ਬੱਚੇ ਦਾ ਹੱਥ ਕਿਸ ਨੇ ਤੋੜਿਆ ਸੀ? 1

ੳ)ਮੰਮੀ ਨੇ ਅ)ਭਰਾ ਨੇ

ੲ)ਪਾਪਾ ਨੇ ਸ)ਭੈਣ ਨੇ

v)ਵਾਦ-ਵਿਵਾਦ ਪ੍ਰਤੀਯੋਗੀ ਬਣਨ ਲਈ ਕਿਹੜੀ ਬੁੱਧੀ ਦੀ ਲੋੜ ਹੈ? 1

ੳ) ਭਾਸ਼ਾਗਤ ਬੁੱਧੀ ਅ)ਸੰਗੀਤਕ ਬੁੱਧੀ

ੲ)ਸਰੀਰਗਤ ਬੁੱਧੀ ਸ)ਤਾਰਕਿਕ-ਗਣਿਤਕ ਬੁੱਧੀ

8) ਇਕਾਂਗੀ ਅਤੇ ਜੀਵਨੀ 'ਤੇ ਅਧਾਰਤ ਹੇਠ ਲਿਖੇ ਬਹੁਵਿਕਲਪੀ ਪ੍ਰਸ਼ਨਾਂ ਦੇ ਉੱਤਰ ਲਈ ਸਹੀ ਵਿਕਲਪ ਚੁਣ ਕੇ ਆਪਣੀ ਉੱਤਰ ਪੁਸਤਿਕਾ ਵਿੱਚ ਲਿਖੋ-

i)'ਬੇਬੇ ਰਾਮ ਭਜਨੀ' ਇਕਾਂਗੀ ਵਿੱਚ ਸ਼ਾਮ ਦਾਸ ਕੌਣ ਹੈ? 1

ੳ)ਬੇਬੇ ਰਾਮ ਭਜਨੀ ਦਾ ਪਤੀ ਅ) ਬੇਬੇ ਰਾਮ ਭਜਨੀ ਦਾ ਭਰਾ

ੲ)ਬੇਬੇ ਰਾਮ ਭਜਨੀ ਦਾ ਗੁਆਂਢੀ ਸ) ਬੇਬੇ ਰਾਮ ਭਜਨੀ ਦੀ ਭੈਣ

ii)ਜੁਆਰੀਏ ਕਿੱਥੋਂ ਆਏ ਸਨ? 1

ੳ)ਦਿੱਲੀਓ ਅ)ਚੰਡੀਗੜ੍ਹੋਂ

ੲ)ਅੰਮ੍ਰਿਤਸਰੋਂ ਸ)ਹਿਮਾਚਲੋਂ

iii)ਮਿਲਖਾ ਸਿੰਘ ਨੇ ਕਿੰਨੇ ਦੌੜ ਮੁਕਾਬਲਿਆਂ 'ਚ ਹਿੱਸਾ ਲਿਆ? 1

ੳ)82 ਅ)81

ੲ)80 ਸ)85

iv)ਡਾ.ਅਬਦੁਲ ਕਲਾਮ ਦੀ ਮੌਤ ਕਦੋਂ ਹੋਈ? 1

ੳ)2015 ਈ. ਅ)2014 ਈ.

ੲ)2013 ਈ. ਸ)2012ਈ.

v)ਬੀਬੀ ਭਾਨੀ ਜੀ ਦੇ ਪਿਤਾ ਜੀ ਦਾ ਕੀ ਨਾਂ ਸੀ? 1

ੳ)ਗੁਰੂ ਨਾਨਕ ਦੇਵ ਜੀ ਅ)ਗੁਰੂ ਅਮਰਦਾਸ ਜੀ

ੲ)ਗੁਰੂ ਅੰਗਦ ਦੇਵ ਜੀ ਸ)ਗੁਰੂ ਅਰਜਨ ਦੇਵ ਜੀ

9)ਹੇਠ ਲਿਖੀਆਂ ਕਾਵਿ ਟੁਕੜੀਆਂ ਨੂੰ ਪੜ੍ਹ ਕੇ ਕਿਸੇ ਇੱਕ ਦੇ ਹੇਠਾਂ ਦਿੱਤੇ ਗਏ ਬਹੁਵਿਕਲਪੀ ਪ੍ਰਸ਼ਨਾਂ ਦੇ ਉੱਤਰ ਲਿਖੋ-

ਉੱਚਾ ਨੀਵਾਂ ਨਾ ਕੋਈ ਵੀ ਜੱਗ ਅੰਦਰ,
ਇੱਕੋ ਨੂਰ ਇਲਾਹੀ ਦੇ ਨੇ ਸਭ ਬੰਦੇ।
ਬੰਦੇ ਰੱਬ ਦੇ ਸਮਝ ਕੇ ਪਿਆਰ ਕਰਨਾ,
ਨਾ ਬੋਲ ਬੋਲਣੇ, ਕਿਸੇ ਨੂੰ ਵੀ ਮੰਦੇ।

i )ਉਪਰੋਕਤ ਕਾਵਿ ਟੁਕੜੀ ਦੇ ਕਵੀ ਦਾ ਕੀ ਨਾਂ ਹੈ? 1

ੳ)ਪਵਨ ਹਰਚੰਦਪੁਰੀ ਅ)ਕਸ਼ਮੀਰ ਨੀਰ

ੲ)ਗੁਰੂ ਅਮਰਦਾਸ ਜੀ ਸ)ਇਨ੍ਹਾਂ ਵਿਚੋਂ ਕੋਈ ਨਹੀਂ

ii)ਕਵੀ ਅਨੁਸਾਰ ਕੋਈ ਵੀ ________ ਵਿੱਚ ਉੱਚਾ ਨੀਵਾਂ ਨਹੀਂ ਹੈ। 1

ੳ)ਘਰ ਅ)ਜੱਗ

ੲ)ਦੇਸ਼ ਸ) ਰਸੋਈ

iii)ਕਵਿਤਾ ਵਿਚ ਆਏ ਸ਼ਬਦ "ਇਕ ਨੂਰ"ਤੋਂ ਕੀ ਭਾਵ ਹੈ? 1

ੳ)ਇੱਕ ਪਰਮਾਤਮਾ ਅ)ਇੱਕ ਸੰਸਾਰ

ੲ)ਇੱਕ ਦੇਸ਼ ਸ)ਇੱਕ ਕੌਮ

iv)ਮਨੁੱਖ ਨੂੰ ਕਿਹੜੇ ਬੋਲ ਨਹੀਂ ਬੋਲਣੇ ਚਾਹੀਦੇ? 1

ੳ)ਮੰਦੇ ਅ)ਮਿੱਠੇ

ੲ)ਧੋਖੇ iv)ਝੂਠੇ

ਜਾਂ

ਮਨਮੁਖਿ ਗਰਬਿ ਨ ਪਾਇਓ ਅਗਿਆਨ ਇਆਣੇ।।

ਸਤਿਗੁਰ ਸੇਵਾ ਨਾ ਕਰਹਿ ਫਿਰਿ ਫਿਰਿ ਪਛਤਾਣੇ।।

ਗਰਭ ਜੋਨਿ ਵਾਸੁ ਪਾਇਦੇ ਗਰਭੇ ਗਲਿ ਜਾਣੇ।।

ਮੇਰੇ ਕਰਤੇ ਏਵੈ ਭਾਵਦਾ ਮਨਮੁਖ ਭਰਮਾਣੇ।।

i)ਉਪਰੋਕਤ ਰਚਨਾ ਦੇ ਲੇਖਕ ਦਾ ਨਾਂ ਲਿਖੋ । 1

ੳ)ਗੁਰੂ ਅਮਰਦਾਸ ਜੀ ਅ) ਪਵਨ ਹਰਚੰਦਪੁਰੀ

ੲ))ਕਸ਼ਮੀਰ ਨੀਰ ਸ)ਇਨ੍ਹਾਂ ਵਿਚੋਂ ਕੋਈ ਨਹੀਂ

ii)ਮਨਮੁਖਿ ਤੋਂ ਕੀ ਭਾਵ ਹੈ? 1

ੳ)ਮਨ ਪਿੱਛੇ ਲੱਗਣ ਵਾਲਾ ਅ)ਤਨ ਪਿੱਛੇ ਲੱਗਣ ਵਾਲੇ

ੲ)ਧਨ ਪਿੱਛੇ ਲੱਗਣ ਵਾਲਾ ਸ) ਇਨ੍ਹਾਂ ਵਿਚੋਂ ਕੋਈ ਨਹੀਂ

iii)ਮਨੁੱਖ ਨੂੰ ਕਿਉਂ ਪਛਤਾਉਣਾ ਪੈਂਦਾ ਹੈ? 1

ੳ)ਸਤਿਗੁਰੂ ਦੀ ਸੇਵਾ ਨਾ ਕਰਨ ਕਰਕੇ ਅ)ਧਨ ਦੀ ਘਾਟ ਕਾਰਨ

ੲ)ਘਰ ਛੱਡਣ ਕਾਰਨ ਸ)ਪਰਿਵਾਰ ਛੱਡਣ ਕਾਰਨ

iv)'ਗਰਭ ਜੋਨ'ਕਿਸ ਪ੍ਰਤੀਕ ਲਈ ਵਰਤਿਆ ਗਿਆ ਹੈ? 1

ੳ)ਜਨਮ-ਮਰਨ ਦਾ ਗੇੜ ਅ)ਉੱਠਣ ਦਾ ਗੇੜ

ੲ)ਕੋਈ ਜੂਨ ਸ)ਇਨ੍ਹਾਂ ਵਿਚੋਂ ਕੋਈ ਨਹੀਂ

## ਭਾਗ ਅ

(ਵਰਨਣਾਤਮਕ ਪ੍ਰਸ਼ਨ)

ਪਾਠ ਪੁਸਤਕਾਂ ਤੇ ਅਧਾਰਿਤ 26

10) ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਸੱਤ ਪ੍ਰਸ਼ਨਾਂ ਦੇ ਉੱਤਰ 20-25 ਸ਼ਬਦਾਂ ਵਿੱਚ ਲਿਖੋ- ( 2x7=14 )

i)ਪ੍ਰੱਭੂ ਦੇ ਨਾਮ ਦੀ ਕਿਹੜੇ ਸਮਾਜਿਕ ਰਿਸ਼ਤਿਆਂ ਨਾਲ ਤੁਲਨਾ ਕੀਤੀ ਗਈ ਹੈ?ਗਉੜੀ ਬੇਰਾਗਣਿ ਮ:੩ ਕਵਿਤਾ ਦੇ ਅਧਾਰ ਤੇ ਉੱਤਰ ਲਿਖੋ।

ii)'ਖੁਰਲੀ' ਤੋਂ ਕੀ ਗ਼ਾਇਬ ਹੋ ਗਿਆ ਹੈ?'ਗੁੰਮ ਨੇ ਰਸੋਈ ਵਿਚੋ'ਕਵਿਤਾ ਦੇ ਅਧਾਰ ਤੇ ਉੱਤਰ ਲਿਖੋ।

iii)ਮਿਲਖਾ ਸਿੰਘ ਨੇ ਦੌੜ ਨੂੰ ਅਲਵਿਦਾ ਕਦੋਂ ਆਖਿਆ ?

iv)ਧਰਮ ਬਾਰੇ ਡਾ. ਅਬਦੁਲ ਕਲਾਮ ਦੇ ਕੀ ਵਿਚਾਰ ਸਨ?

v)ਲੋਕ ਗੀਤਾਂ ਦੇ ਕਿਹੜੇ-ਕਿਹੜੇ ਰੂਪ ਹਨ?

vi)ਵਿਆਹ ਕਿਸ ਦਾ ਟੁੱਟ ਗਿਆ ਸੀ ਤੇ ਕਿਉਂ?'ਹੈਂਕੜ ਅਤੇ ਹਉਮੈ ਦੀ ਮਾਰ' ਪਾਠ ਦੇ ਅਧਾਰ ਤੇ ਉੱਤਰ ਲਿਖੋ।

vii)ਕਲਾ ਸਾਨੂੰ ਕਿਸ ਨਾਲ ਜੋੜਦੀ ਹੈ?'ਕਲਾਤਮਕ ਰੁਚੀਆਂ:ਪ੍ਰਕਿਰਤੀ ਅਤੇ ਪਹਿਚਾਣ'ਪਾਠ ਦੇ ਅਧਾਰ ਤੇ ਉੱਤਰ ਲਿਖੋ।

viii)ਆਪਣੇ ਆਪ ਨੂੰ ਕਿਵੇਂ ਸ਼ਾਂਤ ਕੀਤਾ ਜਾ ਸਕਦਾ ਹੈ?'ਹੈਂਕੜ ਅਤੇ ਹਉਮੈ ਦੀ ਮਾਰ' ਪਾਠ ਦੇ ਅਧਾਰ ਤੇ ਉੱਤਰ ਲਿਖੋ।

ix)ਮਿਲਖਾ ਸਿੰਘ ਨੂੰ 'ਫਲਾਇੰਗ ਸਿੱਖ'ਦਾ ਖਿਤਾਬ ਸਭ ਤੋਂ ਪਹਿਲਾਂ ਕਿੱਥੇ ਮਿਲਿਆ?

x)ਡਾ. ਅਬਦੁਲ ਕਲਾਮ ਨੂੰ ਭਾਰਤ ਦੇ ਕਿਹੜੇ ਵੱਡੇ ਸਨਮਾਨ ਹਾਸਲ ਹੋਏ?

11) ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਇੱਕ ਪ੍ਰਸ਼ਨ ਦਾ ਉੱਤਰ 40-50 ਸ਼ਬਦਾਂ ਵਿੱਚ ਲਿਖੋ- 3

ਡਾ. ਅਬਦੁਲ ਕਲਾਮ ਉਪਰ ਉਨ੍ਹਾਂ ਦੇ ਪਿਤਾ ਦੀਆਂ ਕਿਹੜੀਆਂ ਗੱਲਾਂ ਦਾ ਪ੍ਰਭਾਵ ਪਿਆ?

ਜਾਂ

ਤਾਲਮੇਲ ਬੁੱਧੀ ਤੋਂ ਕੀ ਭਾਵ ਹੈ?'ਕਲਾਤਮਕ ਰੁਚੀਆਂ:ਪ੍ਰਕਿਰਤੀ ਅਤੇ ਪਹਿਚਾਣ'ਪਾਠ ਦੇ ਅਧਾਰ ਤੇ ਉੱਤਰ ਲਿਖੋ।

12) ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਇੱਕ ਪ੍ਰਸ਼ਨ ਦਾ ਉੱਤਰ 40-50 ਸ਼ਬਦਾਂ ਵਿੱਚ ਲਿਖੋ- 3

ਬੀਬੀ ਭਾਨੀ ਜੀ ਕਿਹੜੇ ਗੁਣਾਂ ਦੀ ਧਾਰਨੀ ਸਨ?

ਜਾਂ

ਪੰਜਾਬ ਦੇ ਲੋਕ ਗੀਤ ਪੰਜਾਬ ਦੇ ਕਿਹੜੇ-ਕਿਹੜੇ ਖੇਤਰਾਂ ਵਿੱਚੋਂ ਮਿਲਦੇ ਹਨ?'ਪੰਜਾਬ ਦੇ ਲੋਕ-ਗੀਤ' ਪਾਠ ਦੇ ਅਧਾਰ ਤੇ ਉੱਤਰ ਲਿਖੋ।

13)ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਇੱਕ ਪ੍ਰਸ਼ਨ ਦਾ ਉੱਤਰ 40-50 ਸ਼ਬਦਾਂ ਵਿੱਚ ਲਿਖੋ- 3

ਬੇਬੇ ਰਾਮ ਭਜਨੀ ਦਾ ਚਰਿੱਤਰ ਆਪਣੇ ਸ਼ਬਦਾਂ ਵਿੱਚ ਲਿਖੋ।

ਜਾਂ

ਸੱਪ,ਜਮਾਤ ਦੇ ਕਮਰੇ ਵਿੱਚ ਕਿਵੇਂ ਦਾਖ਼ਲ ਹੋਇਆ ਸੀ?

14)ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਇੱਕ ਪ੍ਰਸ਼ਨ ਦਾ ਉੱਤਰ 40-50 ਸ਼ਬਦਾਂ ਵਿੱਚ ਲਿਖੋ-

ਵਕੀਲ ਨੇ ਪਾਂਧੇ ਨੂੰ ਕਿਉਂ ਬੁਲਾਇਆ ਸੀ?'ਬੇਬੇ ਰਾਮ ਭਜਨੀ'ਪਾਠ ਦੇ ਅਧਾਰ ਤੇ ਉੱਤਰ ਲਿਖੋ। 3

ਜਾਂ

ਪਾਸ ਹੋਣ ਦੇ ਤੋਹਫ਼ੇ ਵਜੋਂ ਮੀਨਾਕਸ਼ੀ ਨੇ ਮੰਮੀ-ਪਾਪਾ ਤੋਂ ਕਦੋਂ ਤੇ ਕਿਹੜੀ ਚੀਜ਼ ਦੀ ਮੰਗ ਕੀਤੀ?

ਪ੍ਰਭਾਵਸ਼ਾਲੀ ਲਿਖਣ ਕੌਸ਼ਲ

15 ਹੇਠ ਲਿਖੇ ਤਿੰਨ ਵਿਸ਼ਿਆਂ ਵਿਚੋਂ ਕਿਸੇ ਇੱਕ ਵਿਸ਼ੇ ਤੇ 200 ਤੋਂ 250 ਸ਼ਬਦਾਂ ਦਾ ਲੇਖ ਦਿੱਤੇ ਗਏ ਨੁਕਤਿਆਂ ਦੇ ਆਧਾਰ ਤੇ ਲਿਖੋ- 5

ੳ)'ਵਿੱਦਿਆ ਦੇ ਲਾਭ'

ਨੁਕਤੇ:

-ਜਾਣ-ਪਛਾਣ

-ਰੋਜ਼ਗਾਰ ਪ੍ਰਾਪਤੀ ਦਾ ਸਾਧਨ

-ਆਚਰਨ ਨੂੰ ਉੱਚਾ ਤੇ ਸੁੱਚਾ ਬਣਾਉਣਾ

-ਆਦਰਸ਼ਕ ਜੀਵਨ-ਜਾਂਚ

-ਸਰਬ-ਪੱਖੀ ਵਿਕਾਸ

ਜਾਂ

ਅ)'ਮਨ ਜੀਤੈ ਜਗੁ ਜੀਤ

ਨੁਕਤੇ:

-ਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਣ

-ਮਨ ਨੂੰ ਕਾਬੂ ਵਿਚ ਰੱਖ ਕੇ ਜਿੱਤਣਾ ਜ਼ਰੂਰੀ

-ਮਨ ਦੇ ਹਾਰੇ ਹਾਰ ਹੈ,ਮਨ ਦੇ ਜਿੱਤੇ ਜਿੱਤ

-ਜੀਵਨ ਵਿਚ ਕਾਮਯਾਬੀ

-ਸਿੱਟਾ

ਜਾਂ

21ਵੀਂ ਸਦੀ ਦੀ ਮਹਾਂਮਾਰੀ- ਕੋਵਿਡ-19

ਨੁਕਤੇ:

-ਮਹਾਂਮਾਰੀ ਕੀ ਹੈ?

-ਕੋਵਿਡ -19 ਬਾਰੇ ਜਾਣਕਾਰੀ

-ਭਾਰਤ ਤੇ ਇਸ ਦਾ ਪ੍ਰਭਾਵ

-ਰੋਕਣ ਲਈ ਜ਼ਰੂਰੀ ਕਦਮ

-ਸਿੱਟਾ

16)ਹੇਠ ਲਿਖੇ ਦੋ ਵਿਸ਼ਿਆਂ ਵਿੱਚੋਂ ਕਿਸੇ ਇਕ ਵਿਸ਼ੇ ਤੇ ਦਿੱਤੇ ਗਏ ਨੁਕਤਿਆਂ ਦੀ ਮਦਦ ਨਾਲ ਪੱਤਰ ਲਿਖੋ- 5

ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ ਆਨਲਾਈਨ ਕਲਾਸ ਵਿੱਚ ਆਉਂਦੀ ਸਮੱਸਿਆ ਬਾਰੇ ਜਾਣੂ ਕਰਵਾਉਣ ਲਈ ਪੱਤਰ ਲਿਖੋ।

ਨੁਕਤੇ-

-ਪਤਾ ਅਤੇ ਮਿਤੀ

-ਸੰਬੋਧਨੀ ਭਾਗ

-ਵਿਸ਼ਾ ਵਸਤੂ

-ਅੰਤਲਾ ਭਾਗ

ਜਾਂ

ਆਪਣੇ ਮਿੱਤਰ ਨੂੰ ਪਾਸ ਹੋਣ 'ਤੇ ਵਧਾਈ ਪੱਤਰ ਲਿਖੋ।

ਨੁਕਤੇ:

-ਪਤਾ ਅਤੇ ਮਿਤੀ

-ਸੰਬੋਧਨੀ ਭਾਗ

-ਵਿਸ਼ਾ ਵਸਤੂ

-ਅੰਤਲਾ ਭਾਗ

17)ਤੁਸੀਂ ਆਪਣੀ ਦੁਕਾਨ ਕਿਰਾਏ ਤੇ ਦੇਣਾ ਚਾਹੁੰਦੇ ਹੋ,ਉਸ ਬਾਰੇ ਆਦਰਸ਼ਕ ਇਸ਼ਤਿਹਾਰ ਲਿਖੋ। 4

ਜਾਂ

ਤੁਹਾਨੂੰ ਆਪਣੀ ਦੁਕਾਨ ਲਈ ਹੈਲਪਰ ਦੀ ਲੋੜ,ਉਸ ਬਾਰੇ ਆਦਰਸ਼ਕ ਇਸ਼ਤਿਹਾਰ ਲਿਖੋ।

ਜਾਂ

ਹੇਠ ਦਿੱਤੀ ਤਸਵੀਰ ਸੰਬੰਧੀ ਲੱਗ-ਭੱਗ 50 ਸ਼ਬਦਾਂ ਵਿੱਚ ਆਪਣੇ ਵਿਚਾਰ ਲਿਖੋ



ਨੋਟ-ਤਸਵੀਰ ਵਾਲੇ ਪ੍ਰਸ਼ਨ ਦੀ ਥਾਂ ਇਹ ਪ੍ਰਸ਼ਨ ਸਿਰਫ਼ ਨੇਤਰਹੀਣ ਵਿਦਿਆਰਥੀਆਂ ਲਈ ਹੈ।

ਮਨੁੱਖੀ ਜੀਵਨ ਵਿਚ ਪੜ੍ਹਾਈ ਦਾ ਕੀ ਮਹੱਤਵ ਹੈ?ਇਸ ਸੰਬੰਧੀ ਆਪਣੇ ਵਿਚਾਰ 50 ਸ਼ਬਦਾਂ ਵਿਚ ਸਾਂਝੇ ਕਰੋ।